ਈ-ਮੇਲ :
info@sgpc.net

ੴ ਵਾਹਿਗੁਰੂ ਜੀ ਕੀ ਫ਼ਤਹ ॥

2553957
2553958
2553959
ਫੈਕਸ - 0183-2553919

# ਦਫ਼ਤਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 79945

ਮਿਤੀ 17/12/2024

ਪ੍ਰਿੰਸੀਪਲ/ਇੰਚਾਰਜ ਸਾਹਿਬਾਨ,
ਸਮੂਹ ਸਕੂਲ ਪ੍ਰਬੰਧ ਅਧੀਨ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।

ਵਿਸ਼ਾ:- ਸਕੂਲਾਂ ਵਿੱਚ 2025-26 ਦੌਰਾਨ ਲਾਗੂ ਕੀਤਾ ਜਾਣ ਵਾਲੇ ਅਕਾਦਮਿਕ ਕੈਲੰਡਰ ਸਬੰਧੀ।

ਸ੍ਰੀਮਾਨ/ਬੀਬੀ ਜੀ,

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਅਧੀਨ ਚੱਲ ਰਹੇ ਸਮੂਹ ਸਕੂਲਾਂ ਵਿਖੇ ਸ਼ੈਸ਼ਨ 2025-26 ਦੌਰਾਨ ਲਾਗੂ ਕੀਤਾ ਜਾਣ ਵਾਲਾ ਅਕਾਦਮਿਕ ਕੈਲੰਡਰ ਯੋਗ ਅਤੇ ਲੋੜੀਂਦੀ ਕਾਰਵਾਈ ਕਰਨ/ਕਰਵਾਉਣ ਹਿੱਤ ਇਸ ਪੱਤਰ ਨਾਲ ਨੱਥੀ ਕਰਕੇ ਆਪ ਜੀ ਨੂੰ ਭੇਜਿਆ ਜਾ ਰਿਹਾ ਹੈ।

Balwant Kaur

ਸਹਾਇਕ ਡਾਇਰੈਕਟਰ ਸਕੂਲਜ਼,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।

ਉਤਾਰਾ:-1. ਦਫਤਰ-ਸਕੱਤਰ ਸਾਹਿਬ (ਵਿੱਦਿਆ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ।
2. ਮੀਤ ਸਕੱਤਰ ਜੀ (ਵਿੱਦਿਆ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ।
3. ਇੰਚਾਰਜ ਜੀ(ਵਿੱਦਿਆ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ।
4. ਮੈਨੇਜਰ ਸਾਹਿਬ, ਗੋਲਡਨ ਆਫ ਸੈੱਟ ਪ੍ਰੈਸ, ਸ੍ਰੀ ਅੰਮ੍ਰਿਤਸਰ ਸਾਹਿਬ-ਪਾਸ ਡਾਇਰੀ ਵਿੱਚ ਛਾਪਣ ਹਿੱਤ।
5. ਦਫਤਰ-ਡਾਇਰੈਕਟਰ ਆਫ ਐਜੂਕੇਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਬਹਾਦਰਗੜ੍ਹ, (ਪਟਿਆਲਾ)।

24/6/25

Principal
Mata Sundri Public School
Kot Shamir (Bathinda)
Aff. No. 1630777
School No. 20796

1 BGL
2 JKaur

# ਅਕਾਦਮਿਕ ਕੈਲੰਡਰ 2025-26

ਨੋਟ:- ਅਕਾਦਮਿਕ ਕੈਲੰਡਰ 2025-26 ਵਿੱਚ ਕਰਵਾਉਣ ਵਾਲੀਆਂ ਸਾਰੀਆਂ ਗਤੀਵਿਧੀਆਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ ਕੀਤੀਆਂ ਜਾਣ।

| ਮਹੀਨਾ | ਮਿਤੀ ਹਫਤਾ | ਗਤੀਵਿਧੀ |
|---|---|---|
| ਮਾਰਚ 2025 | ਤੀਜਾ ਹਫਤਾ | ਵਿਦਿਅਕ ਵਰ੍ਹਾ 2025-26 ਦੀ ਸ਼ੁਰੂਆਤ |
| ਅਪ੍ਰੈਲ 2025 | ਪਹਿਲਾ ਹਫਤਾ | ਫ਼ਸਟ ਏਡ਼ ਦੀ ਜਾਣਕਾਰੀ ਹਿੱਤ ਗਤੀਵਿਧੀ (ਸਿਹਤ ਦਿਵਸ) |
| | ਦੂਜਾ ਹਫਤਾ | ਖਾਲਸਾ ਸਾਜਨਾ ਦਿਵਸ ਨਾਲ ਸਬੰਧਿਤ ਇੰਟਰ ਹਾਊਸ ਕੀਰਤਨ/ਕਵੀਸ਼ਰੀ ਮੁਕਾਬਲਾ |
| | ਤੀਜਾ ਹਫਤਾ/ਚੌਥਾ ਹਫਤਾ | ਵਿਸ਼ਵ ਧਰਤੀ ਦਿਵਸ/ਮਲੇਰੀਆ ਦਿਵਸ, ਧਰਤੀ ਹੇਠਲੇ ਪਾਣੀਆਂ ਅਤੇ ਜੰਗਲਾਂ ਦੀ ਕਟਾਈਪੁਰ ਲੈਕਚਰ ਗਤੀਵਿਧੀ ਅਤੇ ਪੋਸਟਰ ਮੇਕਿੰਗ |
| ਮਈ 2025 | ਪਹਿਲਾ ਹਫਤਾ | ਮਜਦੂਰ ਦਿਵਸ ਨਾਲ ਸਬੰਧਿਤ ਨੁੱਕੜ ਨਾਟਕ/ਸਕਿੱਟ ਮੁਕਾਬਲੇ |
| | ਦੂਜਾ ਹਫਤਾ | ਮਾਤ ਦਿਵਸ ਨੂੰ ਸਮਰਪਿਤ ਵਿਦਿਆਰਥੀਆਂ ਦੀਆਂ ਮਾਤਾਵਾਂ ਨਾਲ ਅਧਿਆਪਕ ਮੀਟਿੰਗ ਰੱਖੀ ਜਾਵੇ ਅਤੇ ਸਕੂਲ ਵਿਦਿਆਰਥੀਆਂ ਦੇ ਵਿਕਾਸ ਲਈ ਉਹਨਾਂ ਵੱਲੋਂ ਨਿਭਾਈ ਭੂਮਿਕਾ ਦਾ ਵੇਰਵਾ ਸਾਂਝਾ ਕੀਤਾ ਜਾਵੇ/ਪਿੰਡਾਂ ਵਿੱਚ ਨਾਰੀ ਚੇਤਨਾ ਮਾਰਚ। |
| | ਤੀਜਾ ਹਫਤਾ12.5.25 ਤੋਂ 20.5.25 ਤੱਕ | ਪੀਰੀਓਡਿਕ/ਯੂਨਿਟ ਟੈਸਟ-1 |
| | ਚੌਥਾ ਹਫਤਾ | ਜੈਵਿਕ ਵਿਭਿੰਨਤਾ ਤੇ ਅਧਾਰਿਤ ਲੈਕਚਰ ਮੁਕਾਬਲਾ/ ਮੈਥ ਵਿਸ਼ਾ-ਐਕਟੀਵਿਟੀ ਕੁਇਜ਼ |
| | ਪੰਜਵਾਂ ਹਫਤਾ | ਸਹੀਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਸਬੰਧਿਤ ਇਤਿਹਾਸਕ ਲੈਕਚਰ ਅਤੇ ਕਵਿਤਾ ਗਤੀਵਿਧੀ/ਸਾਈਬਰ ਕੁਇਜ। |
| ਜੂਨ 2025 | ਸਰਕਾਰ ਦੀਆਂ ਹਦਾਇਤਾਂ ਅਨੁਸਾਰ ਗਰਮੀਆਂ ਦੀਆਂ ਛੁੱਟੀਆਂ | |
| | ਤਾਰੀਖ ਬਾਅਦ ਵਿੱਚ ਨੀਯਤ ਕੀਤੀ ਜਾਵੇਗੀ। | ਅਧਿਆਪਨ ਅਤੇ ਗੈਰ ਅਧਿਆਪਨ ਅਮਲਾ ਦੇ ਰਿਫਰੇਸ਼ਰ ਕੋਰਸ/ਵਰਕਸ਼ਾਪ |
| ਜੁਲਾਈ 2025 | ਪਹਿਲਾ ਹਫਤਾ | ਵਣ ਮਹਾਂ ਉਤਸਵ ਹਫ਼ਤਾ(ਪੋਸਟਰ ਮੇਕਿੰਗ, ਪੌਦੇ ਲਗਾਉਣਾ,ਕੁਦਰਤ ਬਚਾਉ, ਸਲੋਗਨ ਲਿਖਣਾ) ਸਕੂਲ ਵਿੱਚ ਵੱਧ ਤੋਂ ਵੱਧ ਪੌਦੇ ਲਗਾਏ ਜਾਣ। |
| | ਦੂਜਾ ਹਫਤਾ | ਬੁੱਕ ਕੀਪਿੰਗ (ਕਿਤਾਬਾਂ/ਕਾਪੀਆਂ ਦੇ ਰੱਖ ਰਖਾਵ ਪੁਰ ਸ਼੍ਰੇਣੀ ਪੱਧਰ ਤੇ ਮੁਕਾਬਲੇ ਕਰਵਾਏ ਜਾਣ)/ਵਾਤਾਵਰਣ ਕੁਇਜ |
| | ਤੀਜਾ ਹਫਤਾ | ਸੁੰਦਰ ਲਿਖਾਈ ਮੁਕਾਬਲੇ (ਕੋਈ ਭਾਸ਼ਾ)/ਡਰਾਮਾ(ਅੰਗਰੇਜੀ ਭਾਸ਼ਾ)/ਯੂ.ਪੀ.ਐੱਸ.ਸੀ ਦੀ ਤਿਆਰੀ ਸਬੰਧੀ ਲੈਕਚਰ |
| | ਚੌਥਾ ਹਫਤਾ | ਸਾਇੰਸ ਕੁਇਜ ਅਤੇ ਸਾਇੰਸ ਮੇਲਾ/ਪ੍ਰਦਰਸ਼ਨੀ (ਗਤੀਵਿਧੀਆਂ ਨੱਥੀ ਹਨ) |
| ਅਗਸਤ 2025 | ਪਹਿਲਾ ਹਫਤਾ(1.8.2025 ਤੇ 2.8.2025) | ਕਾਰਡ/ਰੱਖੜੀਆਂ ਮੇਕਿੰਗ ਮੁਕਾਬਲਾ/ਰਵਾਇਤੀ ਪਹਿਰਾਵੇ ਨਾਲ ਸਬੰਧਿਤ ਗਤੀਵਿਧੀ |
| | 4.8.25 ਤੋਂ 12.8.25 ਤੱਕ | ਪੀਰੀਓਡਿਕ ਪ੍ਰੀਖਿਆ-2 |
| | ਤੀਜਾ ਹਫਤਾ | ਸੁੰਤਤਰਤਾ ਦਿਵਸ ਸਬੰਧੀ ਗਤੀਵਿਧੀਆਂ/ ਪੁਰਾਣੇਂ ਸਮਾਨ ਤੋਂ ਨਵਾਂ ਵਰਤੋਂ ਲਈ ਸਮਾਨ ਤਿਆਰ ਕਰਨ ਲਈ (Best out of Waste) |
| | ਚੌਥਾ ਹਫਤਾ | ਕਲਾ ਪ੍ਰਦਰਸ਼ਨੀ/ਗੁਰਮੁੱਖੀ ਪੈਂਤੀ ਅੱਖਰੀ (ਕੈਲੀਗਰਾਫੀ) /ਲਿਖਤੀ/ਮੌਖਿਕ |
| ਸਤੰਬਰ 2025 | ਪਹਿਲਾ ਹਫਤਾ | ਅੰਤਰ ਹਾਊਸ ਧਾਰਮਿਕ ਕੁਇਜ ਮੁਕਾਬਲੇ/ਵਿਸ਼ਵ ਅਧਿਆਪਕ ਦਿਵਸ ਨੂੰ ਸਮਰਪਿਤ ਵਿਦਿਆਰਥੀਆਂ ਵੱਲੋਂ ਪੀ.ਪੀ.ਟੀ ਪ੍ਰੈਜੇਂਟੇਸ਼ਨ ਮੁਕਾਬਲੇ ਅਧਿਆਪਕ ਦੇ ਸਨਮਾਨ ਸਬੰਧੀ ਨੁੱਕੜ ਨਾਟਕ/ਸਾਰਾਗੜ੍ਹੀ ਦਿਵਸ ਨਾਲ ਸਬੰਧਿਤ ਡਾਕੂਮੈਂਟਰੀ/ਫੀਚਰ ਫਿਲਮ ਦਿਖਾਈ ਜਾਵੇ(ਸਕੂਲ ਵਿੱਚ) |

| | | |
|---|---|---|
| | ਦੂਜਾ ਹਫਤਾ ਅਤੇ ਤੀਜਾ ਹਫਤਾ | ਪਹਿਲੀ ਟਰਮ (ਪੇਪਰ) ਯੂਨਿਟ ਟੈਸਟ-2 |
| | ਚੌਥਾ ਹਫਤਾ | ਪੰਜਾਬੀ ਭਾਸ਼ਾ ਮੁਕਾਬਲਾ/ਗੁਰਮੁੱਖੀ ਮਾਤ ਭਾਸ਼ਾ ਦਿਵਸ/9ਵੀਂ ਕਲਾਸ ਤੋਂ ਉੱਪਰ ਵਿਦਿਆਰਥੀਆਂ ਦੀ ਬੈਂਕ ਵਿਜਿਟ/ ਸ਼ੋਸ਼ਲ ਸਾਇੰਸ ਫੇਅਰ (ਗਤੀਵਿਧੀਆਂ ਨੱਥੀ ਹਨ) |
| ਅਕਤੂਬਰ 2025 | ਪਹਿਲਾ ਹਫਤਾ | ਸਮੋਕਲੇਸ ਕੁਕਿੰਗ, ਸਮੂਹ ਸਕੂਲ ਦੇ ਅਧਿਆਪਕ ਅਤੇ ਵਿਦਿਆਰਥੀ ਲੰਚ ਬਰੇਕ ਵਿੱਚ ਸਕੂਲ ਪੱਧਰ ਤੇ ਸਮੋਕਲੈਸ ਕੁਕਿੰਗ ਨਾਲ ਸਬੰਧਿਤ ਗਤੀਵਿਧੀ ਕਰਨ, ਬਾਲੜੀ ਦਿਵਸ |
| | ਦੂਜਾ ਹਫਤਾ | ਪ੍ਰਕਾਸ਼ ਪੁਰਬ ਸ੍ਰੀ ਗੁਰੂ ਰਾਮਦਾਸ ਜੀ ਨੂੰ ਸਮਰਪਿਤ ਅੰਤਰ ਹਾਊਸ ਰਾਗ ਅਧਾਰਿਤ ਕੀਰਤਨ ਮੁਕਾਬਲਾ |
| | ਤੀਜਾ ਹਫਤਾ | ਕਿਡਜ ਕਾਰਨੀਵਲ/ਦੀਵਾਲੀ ਤੇ ਬੰਦੀਛੋੜ ਦਿਵਸ ਨੂੰ ਸਮਰਪਿਤ ਸਕੂਲ ਕੈਂਪਸ ਦੀ ਸਫਾਈ |
| | ਚੌਥਾ ਹਫਤਾ ਤੇ ਪੰਜਵਾਂ ਹਫਤਾ | ਵਿਦਿਅਕ ਟੂਰ/ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਿਤ ਗਤੀਵਿਧੀ (ਗੁਰੂ ਸਾਹਿਬ ਦੇ ਦਰਸ਼ਨ ਸੰਸਕਾਰ ਸਿਖਾਏ ਜਾਣ) |
| ਨਵੰਬਰ 2025 | ਪਹਿਲਾ ਹਫਤਾ ਤੇ ਦੂਜਾ ਹਫਤਾ | ਪ੍ਰਕਾਸ਼ ਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਗੁਰਬਾਣੀ ਕੰਠ ਅਤੇ ਜੀਵਨ ਸਾਖੀਆਂ ਦੇ ਮੁਕਾਬਲੇ |
| | ਤੀਜਾ ਹਫਤਾ | ਬਾਲ ਦਿਵਸ ਨੂੰ ਸਮਰਪਿਤ ਇੰਟਰ ਹਾਊਸ ਖੇਡ ਮੁਕਾਬਲੇ/ ਅੰਗਰੇਜ਼ੀ ਭਾਸ਼ਾ ਮੇਲਾ |
| | ਚੌਥਾ ਹਫਤਾ | ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਸਮਰਪਿਤ ਦਸਤਾਰ ਤੇ ਦੁਮਾਲਾ ਮੁਕਾਬਲੇ |
| ਦਸੰਬਰ 2025 | ਪਹਿਲਾ ਹਫਤਾ 1.12.25 ਤੋਂ 11.12.25 | ਪੀਰੀਓਡਿਕ-3/ ਯੂਨਿਟ ਟੈਸਟ-3 |
| | ਸ਼ਹੀਦੀ ਪੰਦਰਵਾੜਾ | ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਦੀ ਸ਼ਹਾਦਤ ਨੂੰ ਸਮਰਪਿਤ ਚੇਤਨਾ ਮਾਰਚ( ਗੱਤਕਾ,ਸ਼ਬਦ,ਕਵਿਤਾ,ਕਵਿਸ਼ਰੀ,ਪੇਂਟਿੰਗ-ਨੁੱਕੜ ਨਾਟਕ ਮੁਕਾਬਲੇ) |
| ਜਨਵਰੀ 2026 | ਪਹਿਲਾ ਤੇ ਦੂਜਾ ਹਫਤਾ | ਕੰਪਿਊਟਰ( ਪੰਜਾਬੀ ਅਤੇ ਅੰਗਰੇਜੀ) ਟਾਈਪਿੰਗ ਦੀ ਸਿਖਲਾਈ (ਅਧਿਆਪਕਾਂ ਅਤੇ ਵਿਦਿਆਰਥੀਆਂ ਲਈ)/ ਸਵੇਰ ਦੀ ਸਭਾਂ ਵਿੱਚ ਵਾਰਮ ਅੱਪ ਕਸਰਤਾਂ ਰੋਜ਼ਾਨਾ ਕਰਵਾਇਆ ਜਾਣ। |
| | ਤੀਜਾ ਹਫਤਾ | ਲੋਹੜੀ |
| | ਚੌਥਾ ਹਫਤਾ | ਪੀਰੀਓਡਿਕ-4 |
| | ਪੰਜਵਾਂ ਹਫਤਾ | ਸਾਲਾਨਾ ਸਮਾਰੋਹ/ਗਣਤੰਤਰ ਦਿਵਸ/ਬਸੰਤ ਪੰਚਮੀ (ਚਾਇਨਾ ਡੋਰ ਪ੍ਰਤੀ ਜਾਗਰੂਕ ਕੀਤਾ ਜਾਵੇ) |
| ਫਰਵਰੀ 2026 | ਤਾਰੀਖ ਬਾਅਦ ਵਿੱਚ ਨੀਯਤ ਕੀਤੀ ਜਾਵੇਗੀ। | ਦਸਵੀਂ ਅਤੇ ਬਾਰ੍ਹਵੀਂ ਜਮਾਤ ਦੇ ਪ੍ਰੀ ਬੋਰਡ ਇਮਤਿਹਾਨ |
| ਮਾਰਚ 2026 | ਤਾਰੀਖ ਬਾਅਦ ਵਿੱਚ ਨੀਯਤ ਕੀਤੀ ਜਾਵੇਗੀ। | ਫਾਈਨਲ ਇਮਤਿਹਾਨ |

ਨੋਟ:-

1. ਜਿਸ ਸ਼ਖਸੀਅਤ ਦੇ ਨਾਮ ਉੱਤੇ ਸਕੂਲ ਦਾ ਨਾਮ ਹੈ, ਉਹਨਾਂ ਨਾਲ ਸਬੰਧਿਤ ਦਿਹਾੜੇ ਨੂੰ ਸਕੂਲ ਦਾ ਫਾਉਂਡੇਸ਼ਨ ਦਿਨ ਮਨਾਇਆ ਜਾਵੇ।
2. ਹਰੇਕ ਮਹੀਨੇ ਦੇ ਚੌਥੇ ਸ਼ਨੀਵਾਰ ਨੂੰ ਪੇਰੈਂਟਸ ਟੀਚਰਜ ਮੀਟਿੰਗ ਹੋਵੇਗੀ। ਸਕੂਲ ਵਿੱਚ ਕੀਤੀਆਂ ਮੀਟਿੰਗਾਂ ਸਬੰਧੀ ਮੁਕੰਮਲ ਵੇਰਵਾ ਸਕੂਲ ਵਿੱਚ ਮੇਨਟੇਨ ਕੀਤਾ ਜਾਵੇ। ਕੁਝ ਮਾਪਿਆਂ ਦੀ ਮੀਟਿੰਗ ਦੌਰਾਨ ਡਾਇਰੈਕਟੋਰੇਟ ਦਫਤਰ ਦੇ ਕਿਸੇ ਅਧਿਕਾਰੀ ਨਾਲ ਲੋੜ ਅਨੁਸਾਰ ਫੋਨ ਤੇ ਗੱਲਬਾਤ ਕਰਵਾਈ ਜਾਵੇ। ਵੱਧ ਤੋਂ ਵੱਧ ਮਾਪਿਆਂ ਨਾਲ ਪ੍ਰਿੰਸੀਪਲ ਵੱਲੋਂ ਉਸਾਰੂ ਗੱਲਬਾਤ ਕੀਤੀ ਜਾਵੇ।
3. ਉਪਰੋਕਤ ਗਤੀਵਿਧੀਆਂ/ਮੁਕਾਬਲਿਆਂ ਤੋਂ ਇਲਾਵਾ ਸਕੂਲ ਆਪਣੇ ਪੱਧਰ ਤੇ ਵਿਦਿਆਰਥੀਆਂ ਨਾਲ ਜੁੜੀਆਂ ਹੋਰ ਗਤੀਵਿਧੀਆਂ ਵੀ ਕਰਵਾ ਸਕਦੇ ਹਨ।

4. ਅੰਗਰੇਜ਼ੀ ਭਾਸ਼ਾ (ਸਕਿਲ ਡਵੈਲਪਮੈਂਟ ਸਬੰਧੀ ਪ੍ਰਸਤਾਵਿਤ ਗਤੀਵਿਧੀਆਂ:-

English through Art, Book Review exhibition, Newspaper Article model, Grammar rules at a glance, Word Formation chart, Dialogue writing chart, Tense clock model, Role-play, Storytelling with props, A brief biography of some famous writers and poets, Charts, models/working models-Grammar, Poetry Prose, Story, Notice, Paragraph, Application, etc.
Writing corner (Display the English subject notebooks of the students having good handwriting)
Development stories from given things or characters,
See the picture and tell the English name,
Flash cards, Tongue twisters, Dump charades, Pass the parcel, Time-telling, Simon Says, Riddles,
Spin and speak, Poetry recitation, Idioms, Mind Maps, Word Antakashari
Author/Poetry wall (ਚਾਰਟ ਪੇਪਰ ਨੂੰ ਜੋੜ ਕੇ ਇੱਕ ਕੰਧ ਤਿਆਰ ਕਰਵਾਈ ਜਾਵੇ)

5. ਸਾਇੰਸ ਮੇਲੇ ਸਬੰਧੀ ਪ੍ਰਸਤਾਵਿਤ ਗਤੀਵਿਧੀਆਂ:-

Food, Health and Hygiene
Transport and Communication
Natural Framing
Disaster Management
Mathematical Modeling and computational Thinking
Waste Management
Resources Management

6. ਸ਼ੋਸ਼ਲ ਸਾਇੰਸ ਮੇਲੇ ਸਬੰਧੀ ਪ੍ਰਸਤਾਵਿਤ ਗਤੀਵਿਧੀਆਂ:-

ਰਾਜ/ਰਾਜਧਾਨੀਆਂ
ਸਾਰੇ ਮਹਾਂਦੀਪ ਸਭ ਤੋਂ ਵੱਡਾ, ਸਭ ਤੋਂ ਛੋਟਾ ਮਹਾਂਦੀਪ
ਸਭ ਤੋਂ ਵੱਧ ਅਬਾਦੀ ਵਾਲਾ ਦੇਸ਼/ਰਾਜ, ਸਭ ਤੋਂ ਘੱਟ ਅਬਾਦੀ ਵਾਲਾ ਦੇਸ਼/ਰਾਜ
ਸਭ ਤੋਂ ਵੱਧ ਸਾਖਰਤਾ ਵਾਲਾ ਦੇਸ਼/ਰਾਜ, ਸਭ ਤੋਂ ਘੱਟ ਸਾਖਰਤਾ ਵਾਲਾ ਦੇਸ਼/ਰਾਜ
ਪੰਜਾਬ ਦੀਆਂ ਤਹਿਸੀਲਾਂ ਦੇ ਨਾਮ
ਭਾਰਤ ਵਿੱਚ ਲੋਕ ਸਭਾਂ ਦੀਆਂ ਸੀਟਾਂ ਦੀ ਸਟੇਟ ਵਾਈਜ਼ ਕੁੱਲ ਗਿਣਤੀ
ਭਾਰਤ ਵਿੱਚ ਰਾਜ ਸਭਾਂ ਦੀਆਂ ਸੀਟਾਂ ਦੀ ਕੁੱਲ ਗਿਣਤੀ
ਪੰਜਾਬ ਵਿੱਚ ਵਿਧਾਨ ਸਭਾ ਦੀਆਂ ਸੀਟਾਂ ਦੀ ਕੁੱਲ ਗਿਣਤੀ
ਟਾਇਮਲਾਈਨ
ਆਦਿ ਮਾਨਵ ਤੋਂ ਲੈ ਕੇ ਹੁਣ ਤੱਕ ਦੀਆਂ ਸਭਿਅਤਾਵਾਂ ਦੇ ਸਫਰ ਦੀਆਂ ਵਿਡਿਓ, ਆਪਣੀ ਆਵਾਜ਼ ਦੇ ਕੇ ਸਮਝਾਓ (ਪਹਿਰਾਵਾ, ਬਰਤਨ, ਕਰੰਸੀ,ਕਿੱਤੇ ਦੀ ਤੁਲਨਾਤਮਕ ਵਿਸ਼ਲੇਸ਼ਣ ਦੀ ਵੀਡਿਓ ਲਈ ਫੋਟੋਆਂ ਲੈ ਕੇ ਆਪਣੀ ਅਵਾਜ਼ ਦੇ ਕੇ ਸਮਝਾਓ ਅਤੇ ਪ੍ਰੋਜੈਕਟਰ ਚਲਾ ਕੇ ਦਿਖਾਉ)
ਵੱਖ-ਵੱਖ ਗੁਰੂ ਸਾਹਿਬਾਨ ਸਮੇਂ ਕਿਹੜਾ ਮੁਗਲ ਬਾਦਸ਼ਾਹ-ਵਿਸਥਾਰ ਵਿੱਚ ਸਮਝਾਓ
ਗਲੋਬ ਦੀ ਵਰਤੋਂ/ਗਤੀਵਿਧੀਆਂ
ਗ੍ਰਹਿਆਂ ਬਾਰੇ ਰੋਲ ਪਲੇਅ/ਹੋਰ ਰੋਲ ਪਲੇਅ
ਵਧੀਆਂ ਗਰਾਫ /ਚਾਰਟ ਬਣਾਉਣੇ ਅਤੇ ਪੜ੍ਹਨੇ ਆਉਣੇ
ਕੁਲੇਕਸ਼ਨ ਕਰਨਾ ਜਿਵੇਂ ਬੀਜ, ਮਿੱਟੀ, ਖਣਿਜ ਪਦਾਰਥ
Explore the world with modern technology

7. ਵਿਦਿਆਰਥੀਆਂ ਦੀ ਸ਼ਖਸੀਅਤ ਅਤੇ ਸਰਵਪੱਖੀ ਵਿਕਾਸ ਲਈ ਇਤਹਾਸਿਕ ਦਿਹਾੜਿਆਂ ਅਨੁਸਾਰ ਧਾਰਮਿਕ ਗਤੀਵਿਧੀਆਂ, ਸੁੰਦਰ ਲਿਖਾਈ ਮੁਕਾਬਲੇ, ਸਾਇੰਸ ਨਾਲ ਜੁੜੀਆਂ ਗਤੀਵਿਧੀਆਂ, ਕਹਾਣੀ ਲੇਖਣ ਮੁਕਾਬਲੇ, ਛੋਟੇ ਬੱਚਿਆਂ ਦੇ ਫੈਂਸੀ ਡਰੈੱਸ ਮੁਕਾਬਲੇ, ਪੋਸਟਰ ਮੇਕਿੰਗ ਮੁਕਾਬਲੇ, ਪੁਰਾਤਨ ਲੋਕ ਖੇਡਾਂ, ਗੁਰਮੁੱਖੀ ਪੈਂਤੀ ਅੱਖਰੀ ਅਭਿਆਸ ਅਤੇ ਪੰਜਾਬ ਸੱਭਿਆਚਾਰ ਨਾਲ ਜੁੜੀਆਂ ਗਤੀਵਿਧੀਆਂ ਆਦਿ ਕਰਵਾਈਆਂ ਜਾਣ।
8. ਸੰਸਥਾਵਾਂ ਇਨ੍ਹਾਂ ਗਤੀਵਿਧੀਆਂ ਨੂੰ ਪ੍ਰਾਇਮਰੀ,ਹਾਈ ਅਤੇ ਸੀਨੀਅਰ ਸੈਕੰਡਰੀ ਕਲਾਸਾਂ ਦੇ ਵਿਦਿਆਰਥੀਆਂ ਲਈ ਵੱਖੋ-ਵੱਖਰਾ ਕਰ ਸਕਦੀਆਂ ਹਨ।
9. ਅਧਿਆਪਕ ਸਾਹਿਬਾਨ ਅਤੇ ਵਿਦਿਆਰਥੀਆਂ ਦਾ ਗੁਰਮਤਿ ਟਰੇਨਿੰਗ ਕੈਂਪ ਦੀ ਤਾਰੀਖ ਬਾਅਦ ਵਿੱਚ ਨੀਯਤ ਕੀਤੀ ਜਾਵੇਗੀ।
10. ਸਮੂਹ ਸਕੂਲ ਵਿਦਿਆਰਥੀਆਂ ਦੇ ਕਵੀਸ਼ਰੀ ਮੁਕਾਬਲੇ ਕਾਵਿ-ਏ-ਸਿੱਖੀ ਦੀ ਤਾਰੀਖ ਬਾਅਦ ਵਿੱਚ ਨੀਯਤ ਕੀਤੀ ਜਾਵੇਗੀ।
11. ਮਹੀਨਾਵਾਰ ਅਧਿਆਪਕ ਮਾਪੇ ਮਿਲਣੀ ਤੇ ਪ੍ਰਦਰਸ਼ਨੀ ਜਿਵੇਂ ਕਿ ਸਾਇੰਸ ਮਾਡਲ,ਚਾਰਟ ਆਰਟ, ਸੱਭਿਆਚਾਰਕ ਆਦਿ।

ਉਪਰੋਕਤ ਗਤੀਵਿਧੀਆਂ ਸਬੰਧੀ ਰਿਪੋਰਟ ਸੰਸਥਾ ਪੱਧਰ ਤੇ ਰਿਕਾਰਡ ਲਈ ਰੱਖ ਲਈ ਜਾਵੇ।

Balwant Rai